

# CalKIDS ਤੁਹਾਡੇ ਬੱਚਿਆਂ ਦੀ ਕਾਲਜ ਦੀ ਬੱਚਤ ਨੂੰ ਸ਼ੁਰੂ ਕਰਨ ਵਿੱਚ ਮਦਦ ਕਰ ਸਕਦਾ ਹੈ।

## ਕਾਲਜ ਲਈ ਮੁਫ਼ਤ ਰਕਮ ਦੇ ਨਾਲ!



CalKIDS ਕੈਲੀਫ਼ੋਰਨੀਆ ਰਾਜ ਵੱਲੋਂ ਇੱਕ ਨਵਾਂ ਪ੍ਰੋਗਰਾਮ ਹੈ ਜੋ ਯੋਗ ਪਰਿਵਾਰਾਂ ਨੂੰ ਕਾਲਜ ਲਈ ਮੁਫ਼ਤ ਧਨਰਾਸ਼ੀ ਪ੍ਰਦਾਨ ਕਰਦਾ ਹੈ। ਕੈਲੀਫ਼ੋਰਨੀਆ ਵਿੱਚ ਨਵੇਂ ਜਣਮੇ ਬੱਚੇ $175 ਤੱਕ ਅਤੇ ਕੈਲੀਫ਼ੋਰਨੀਆ ਵਿੱਚ ਪਬਲਿਕ ਸਕੂਲਾਂ ਦੇ ਯੋਗ ਵਿਦਿਆਰਥੀ $1500 ਤੱਕ ਪ੍ਰਾਪਤ ਕਰ ਸਕਦੇ ਹਨ।* CalKIDS ਕਾਲਜ ਲਈ ਬੱਚਤ ਯੋਜਨਾ ਸ਼ੁਰੂ ਕਰਨ ਵਿੱਚ ਪਰਿਵਾਰਾਂ ਦੀ ਮਦਦ ਕਰਨ ਅਤੇ ਉੱਚ ਸਿੱਖਿਆ ਤੱਕ ਪਹੁੰਚ ਨੂੰ ਵਧਾਉਣ ਲਈ ਤਿਆਰ ਕੀਤਾ ਗਿਆ ਸੀ।

**ਹੋਰ ਜਾਣਨ ਲਈ ਅਤੇ ਇਹ ਪਤਾ ਲਗਾਉਣ ਲਈ ਕਿ ਤੁਹਾਡਾ ਬੱਚਾ ਯੋਗ ਹੈ ਜਾਂ ਨਹੀਂ, ਅੱਜ ਹੀ CalKIDS.org ’ਤੇ ਜਾਓ!**

CalKIDS
The first step toward college

* ਵਿਦਿਆਰਥੀ ਦੀ ਯੋਗਤਾ ਸਥਾਨਕ ਕੰਟਰੋਲ ਫੰਡਿੰਗ ਫਾਰਮੂਲੇ ਦੁਆਰਾ ਪਰਿਭਾਸ਼ਿਤ ਕੀਤੀ ਜਾਂਦੀ ਹੈ।

ਕੈਲੀਫੋਰਨੀਆ ਕਿਡਜ਼ ਇਨਵੈਸਟਮੈਂਟ ਐਂਡ ਡਵੈਲਪਮੈਂਟ ਸੇਵਿੰਗਜ਼ ਪ੍ਰੋਗਰਾਮ (CalKIDS) ਇੱਕ ਬੱਚਿਆਂ ਦਾ ਬੱਚਤ ਖਾਤਾ ਪ੍ਰੋਗਰਾਮ ਹੈ, ਜਿਸਦਾ ਸੰਚਾਲਨ ਕੈਲੀਫੋਰਨੀਆ ਰਾਜ ਦੀ ਇੱਕ ਏਜੰਸੀ ScholarShare ਇਨਵੈਸਟਮੈਂਟ ਬੋਰਡ, ਦੁਆਰਾ ਕੀਤਾ ਜਾਂਦਾ ਹੈ। CalKIDS ਯੋਗ ਪ੍ਰਤੀਭਾਗੀਆਂ ਨੂੰ ਭਵਿੱਖ ਵਿੱਚ ਯੋਗ ਉੱਚ ਸਿੱਖਿਆ ਖਰਚਿਆਂ ਦੇ ਭੁਗਤਾਨ ਵਿੱਚ ਮਦਦ ਕਰਨ ਲਈ ਸੀਡ ਡਿਪਾਜ਼ਿਟ ਅਤੇ ਹੋਰ ਸੰਭਾਵਿਤ ਇੰਸੈਂਟਿਵ ਸਹਿਤ ਕਾਲਜ ਬੱਚਤ ਖਾਤੇ ਪ੍ਰਦਾਨ ਕਰੇਗਾ। CalKIDS ਬਾਰੇ ਜ਼ਿਆਦਾ ਜਾਣਕਾਰੀ ਲਈ ਜਾਂ ਪ੍ਰੋਗਰਾਮ ਤੋਂ ਪੂਰੀ ਤਰ੍ਹਾਂ ਬਾਹਰ ਨਿਕਲਣ ਲਈ, ਕਿਰਪਾ ਕਰਕੇ CalKIDS.org ‘ਤੇ ਪ੍ਰੋਗਰਾਮ ਜਾਣਕਾਰੀ ਗਾਈਡ ਦੇਖੋ। CalKIDS ਦੇ ਪ੍ਰਤੀਭਾਗੀ, ਕੈਲੀਫੋਰਨੀਆ ਦੇ ScholarShare 529 ਕਾਲਜ ਬੱਚਤ ਪਲਾਨ 529 ਦੇ ਨਾਲ ਵਿਅਕਤੀਗਤ ਖਾਤੇ ਵੀ ਸਥਾਪਿਤ ਕਰ ਸਕਦੇ ਹਨ।